ਪਿਆਰੇ ਪਰਿਵਾਰਾਂ ਲਈ

ਸਰੀ ਸਕੂਲ ਬੋਰਡ ਨੂੰ ਹਾਲਜ਼ ਪਰੇਰੀ ਐਲੀਮੈਂਟਰੀ (18035 -8-ਐਵਨਿਊ, ਸਰੀ, ਬੀ ਸੀ) ਵਿਖੇ 2024-2025 ਤੋਂ ਐਲੀਮੈਂਟਰੀ ਆਊਟਡੋਰ ਲੈਂਡ-ਬੇਸਡ ਲਰਨਿੰਗ ਪ੍ਰੋਗਰਾਮ ਦੀ ਪੇਸ਼ਕਸ਼ ਕਰਨ ਦੀ ਬਹੁਤ ਖੁਸ਼ੀ ਹੋ ਰਹੀ ਹੈ।

ਬਾਹਰ ਦੇ ਧਰਤੀ-ਆਧਾਰਤ ਸਿੱਖਣ ਦੇ ਰੋਜ਼ਾਨਾ ਤਜਰਬਿਆਂ ਰਾਹੀਂ, ਬੱਚਿਆਂ ਨੂੰ ਯੋਗਤਾਵਾਂ, ਹੁਨਰ ਅਤੇ ਬੀ ਸੀ ਦੇ ਕੇ-7 ਦੇ ਪਾਠਕ੍ਰਮ ਵਿੱਚ ਬਿਆਨੀਆਂ ਸਮਝਾਂ ਵਿਕਸਤ ਕਰਨ ਦਾ ਮੌਕਾ ਮਿਲੇਗਾ। ਬੱਚੇ ਉਸ ਧਰਤੀ ਨੂੰ ਸੰਭਾਲਣ ਵਾਲੇ ਬਣਨ ਬਾਰੇ ਸਿੱਖਣਗੇ ਜਿਸ ਵਿੱਚ ਉਹ ਰਹਿੰਦੇ ਹਨ, ਅਤੇ ਜਿਸ ਵਿੱਚ ਕੋਸਟ ਸੇਲਿਸ਼ ਲੋਕਾਂ ਦਾ ਸਭਿਆਚਾਰ, ਬੋਲੀ ਅਤੇ ਇਤਿਹਾਸ ਸ਼ਾਮਲ ਹਨ।

ਆਊਟਡੋਰ ਲੈਂਡ-ਬੇਸਡ ਲਰਨਿੰਗ ਪ੍ਰੋਗਰਾਮ:

- ਰੋਜ਼ਾਨਾ ਬਾਹਰ ਦੇ ਤਜਰਬੇ ਪ੍ਰਦਾਨ ਕਰੇਗਾ ਜਿਹੜੇ ਬੀ ਸੀ ਦੇ ਪਾਠਕ੍ਰਮ ਨੂੰ ਬੱਚਿਆਂ ਦੀਆਂ ਜਮਾਂਦਰੂ ਜਗਿਆਸਾਵਾਂ ਅਤੇ ਉਤਸੁਕਤਾ ਨਾਲ ਜੋੜੇਗਾ।
- ਅਧਿਆਪਕਾਂ ਦੀ ਅਚਨਚੇਤੀ, ਤਜਰਬੇ ਆਧਾਰਿਤ, ਖੋਜ ਆਧਾਰਿਤ, ਖੇਡ ਆਧਾਰਿਤ ਅਤੇ ਸਥਾਨ ਆਧਾਰਿਤ ਸਿੱਖਿਆ ਦੇਣ ਵਿੱਚ ਮਦਦ ਕਰੇਗਾ।
- ਪਹਿਲੇ ਲੋਕਾਂ (ਫਸਟ ਪੀਪਲਜ਼) ਦੇ ਪੜ੍ਹਾਈ ਦੇ ਅਸੂਲਾਂ ਨਾਲ ਜੁੜੇਗਾ ਅਤੇ ਪੂਰੇ ਪਾਠਕ੍ਰਮ ਵਿੱਚ ਕੋਸਟ ਸੇਲਿਸ਼ ਸਭਿਆਚਾਰ, ਰਵਾਇਤਾਂ ਅਤੇ ਇਤਿਹਾਸ ਨੂੰ ਸ਼ਾਮਲ ਕਰੇਗਾ।
- ਧਰਤੀ ਦੀ ਸੰਭਾਲ ਕਰਨ ਵਾਲਿਆਂ ਵਜੋਂ ਮੂਲਵਾਸੀ ਕੋਸਟ ਸੇਲਿਸ਼ ਸਭਿਆਚਾਰ ਅਤੇ ਰਵਾਇਤਾਂ ਨਾਲ ਜੁੜਿਆ ਹੋਵੇਗਾ।
- ਪੜ੍ਹਾਈ ਦੇ ਅਨਿੱਖੜਵੇਂ ਹਿੱਸੇ ਅਤੇ ਸਿਹਤਮੰਦ ਵਿਕਾਸ ਵਜੋਂ ਖਤਰਿਆਂ ਦੀ ਪਛਾਣ ਕਰਨ, ਉਹਨਾਂ ਦਾ ਪ੍ਰਬੰਧ ਕਰਨ ਅਤੇ ਉਹਨਾਂ ਵਿੱਚ ਦੀ ਲੰਘਣ ਲਈ ਬੱਚਿਆਂ ਦੀ ਮਦਦ ਕਰਨ ਵਿੱਚ ਟੀਚਰਾਂ ਦੀ ਮਦਦ ਕਰੇਗਾ।
- ਬਾਹਰ ਤਜਰਬੇ ਆਧਾਰਿਤ ਪੜ੍ਹਾਈ ਪ੍ਰਦਾਨ ਕਰਕੇ, ਸਿਰਜਣਾਤਮਕ ਅਤੇ ਆਲੋਚਨਾਤਮਕ ਸੋਚਵਾਨਾਂ ਵਜੋਂ ਬੱਚਿਆਂ ਦੀਆਂ ਯੋਗਤਾਵਾਂ ਨੂੰ ਉਤਸ਼ਾਹਿਤ ਕਰਕੇ, ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਵਾਲੇ ਬਣਾ ਕੇ ਅਤੇ ਨਿੱਜੀ, ਸਮਾਜਕ ਅਤੇ ਵਾਤਾਵਰਨ ਦੇ ਸੰਬੰਧ ਵਿੱਚ ਚੇਤਨ ਬਣਾ ਕੇ ਵਿਦਿਆਰਥੀਆਂ ਦੀਆਂ ਮੁੱਖ ਯੋਗਤਾਵਾਂ ਵਿਕਸਤ ਕਰੇਗਾ।
- ਬੱਚਿਆਂ ਲਈ ਸਕੂਲ ਦੇ ਛੋਟੇ ਘੇਰੇ ਵਿੱਚ ਸਿੱਖਣ ਦਾ ਮੌਕਾ ਪ੍ਰਦਾਨ ਕਰੇਗਾ।

**ਰਜਿਟ੍ਰੇਸ਼ਨ**

ਇਸ ਸਮੇਂ ਡਿਸਟ੍ਰਿਕਟ ਇਸ ਪ੍ਰੋਗਰਾਮ ਵਿੱਚ ਦਿਲਚਸਪੀ ਬਾਰੇ ਜਾਣਨ ਲਈ ਪਰਿਵਾਰਾਂ ਵਿੱਚ ਇਕ ਸਰਵੇ ਕਰ ਰਿਹਾ ਹੈ। ਜੇ ਲੋੜੀਂਦੀ ਦਿਲਚਸਪੀ ਹੋਈ, ਤਾਂ ਸਤੰਬਰ 2024 ਵਿੱਚ ਸ਼ੁਰੂ ਹੋਣ ਵਾਲੇ ਪ੍ਰੋਗਰਾਮ ਲਈ ਜਨਵਰੀ 2024 ਵਿੱਚ ਰਜਿਸਟ੍ਰੇਸ਼ਨ ਖੁੱਲ੍ਹੇਗੀ। ਪ੍ਰੋਗਰਾਮ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 3 ਤੱਕ ਦੇ ਬੱਚਿਆਂ ਲਈ ਹੋਵੇਗਾ ਜਾਂ ਗ੍ਰੇਡ 4, 5, 6 ਜਾਂ 7 ਤੱਕ ਦੇ ਬੱਚਿਆਂ ਲਈ ਵੀ ਹੋ ਸਕਦਾ ਹੈ।

ਜੇ ਤੁਹਾਡੀ ਇਸ ਪ੍ਰੋਗਰਾਮ ਵਿੱਚ ਦਿਲਚਸਪੀ ਹੈ ਤਾਂ ਇੱਥੇ ਸਰਵੇ ਦੇ ਲਿੰਕ `ਤੇ ਕਲਿੱਕ ਕਰੋ।

**ਕਿਰਪਾ ਕਰ ਕੇ ਨੋਟ ਕਰੋ**: ਇਹ ਸਰਵੇ ਸਿਰਫ ਦਿਲਚਸਪੀ ਬਾਰੇ ਜਾਣਨ ਲਈ ਹੈ, ਅਤੇ ਅਸੀਂ ਇਸ ਸਮੇਂ ਵਿਦਿਆਰਥੀਆਂ ਨੂੰ ਰਜਿਸਟਰ ਨਹੀਂ ਕਰ ਰਹੇ ਜਾਂ ਪਰਿਵਾਰਾਂ ਨੂੰ ਰਜਿਸਟਰ ਹੋਣ ਲਈ ਵਾਅਦਾ ਕਰਨ ਲਈ ਨਹੀਂ ਕਹਿ ਰਹੇ। ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰ ਕੇ comm-office@surreyschools.ca`ਤੇ ਈਮੇਲ ਕਰੋ।



*We respectfully acknowledge that Surrey Schools resides on the traditional, unceded, and shared territories of Coast Salish peoples: The q̓icə̓y̓—Katzie, the qʼʷa:n̓ƛ̓ʼən̓—Kwantlen and the SEMYOME — Semiahmoo First Nations: the stewards of this land since time immemorial.*